ਆਪਣੀ ਘਰੇਲੂ ਭਾਸ਼ਾ ਦੀ ਵਰਤੋਂ – ਮਾਪਿਆਂ ਲਈ ਜਾਣਕਾਰੀ ਪੱਤਰ

ਮਾਪਿਆਂ/ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

ਮਾਪੇ ਅਤੇ ਦੇਖਭਾਲ ਕਰਨ ਵਾਲੇ ਬੱਚੇ ਦੀ ਸਿੱਖਿਆ ਦਾ ਇੱਕ ਮਹੱਤਵਪੂਰਨ ਹਿੱਸਾ ਹੁੰਦੇ ਹਨ। ਇਹ ਜਾਣਕਾਰੀ ਪੱਤਰ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ, ਬੱਚੇ ਦੀ ਘਰੇਲੂ ਭਾਸ਼ਾ ਜਾਂ ਭਾਸ਼ਾਵਾਂ ਨੂੰ ਕਾਇਮ ਰੱਖਣ ਦੀ ਮਹੱਤਤਾ ਸਮਝਣ ਵਿੱਚ ਸਹਾਇਤਾ ਕਰਨ ਲਈ ਜਾਣਕਾਰੀ ਅਤੇ ਮਾਰਗਦਰਸ਼ਨ ਪ੍ਰਦਾਨ ਕਰਦਾ ਹੈ।

ਬਹੁਭਾਸ਼ੀ ਹੋਣ ਦੇ ਫਾਇਦੇ

ਜੇ ਤੁਸੀਂ ਬਹੁਭਾਸ਼ੀ ਹੋ, ਤਾਂ ਇਸਦਾ ਮਤਲਬ ਹੈ ਕਿ ਤੁਸੀਂ ਇੱਕ ਤੋਂ ਵੱਧ ਭਾਸ਼ਾਵਾਂ ਵਿੱਚ ਗੱਲਬਾਤ ਕਰ ਸਕਦੇ ਹੋ। ਕਿਸੇ ਬੱਚੇ ਨੂੰ ਬਹੁਭਾਸ਼ੀ ਬਣਾਕੇ ਪਾਲਣ-ਪੋਸ਼ਣ ਦੇ ਬਹੁਤ ਸਾਰੇ ਫਾਇਦੇ ਹਨ।

ਬਹੁਭਾਸ਼ੀ ਹੋਣ ਨਾਲ ਤੁਹਾਡੇ ਬੱਚੇ ਦੀ ਧਿਆਨ-ਕੇਂਦਰਿਤ ਕਰਨ ਦੀ ਸਮਰੱਥਾ ਬਿਹਤਰ ਹੋ ਸਕਦੀ ਹੈ ਅਤੇ ਉਹ ਇੱਕ ਕੰਮ ਤੋਂ ਦੂਜੇ ਕੰਮ ਵੱਲ ਆਸਾਨੀ ਨਾਲ ਧਿਆਨ ਬਦਲ ਸਕਦਾ ਹੈ। ਦਰਅਸਲ, ਖੋਜ ਦਰਸਾਉਂਦੀ ਹੈ ਕਿ "ਸਕੂਲ ਅਤੇ ਘਰ ਦੋਵੇਂ ਥਾਵਾਂ 'ਤੇ ਘਰੇਲੂ ਭਾਸ਼ਾਵਾਂ ਨੂੰ ਕਾਇਮ ਰੱਖਣਾ ਅੰਗਰੇਜ਼ੀ ਸਿੱਖਣ ਵਿੱਚ ਰੁਕਾਵਟ ਨਹੀਂ ਬਣਦਾ, ਸਗੋਂ ਅੰਗਰੇਜ਼ੀ ਸਿੱਖਣ ਲਈ ਇੱਕ ਮਹੱਤਵਪੂਰਨ ਸਰੋਤ ਹੈ" (ਹਰਟਜ਼ਬਰਗ ਅਤੇ ਵਾਲਡੇਜ਼, 2026, ਸਫ਼ਾ 20)। ਇਸ ਕਰਕੇ, ਜੋ ਬੱਚੇ ਅੰਗਰੇਜ਼ੀ ਸਿੱਖਣ ਦੇ ਨਾਲ-ਨਾਲ ਆਪਣੀ ਘਰੇਲੂ ਭਾਸ਼ਾ ਵੀ ਸਿੱਖਦੇ ਰਹਿੰਦੇ ਹਨ, ਉਨ੍ਹਾਂ ਦੇ ਭਵਿੱਖ ਵਿੱਚ ਉੱਚ ਸਿੱਖਿਆਕ ਪ੍ਰਾਪਤੀਆਂ ਹਾਸਲ ਕਰਨ ਦੀਆਂ ਸੰਭਾਵਨਾਵਾਂ ਉਹਨਾਂ ਵਿਦਿਆਰਥੀਆਂ ਨਾਲੋਂ ਵੱਧ ਹੋ ਸਕਦੀਆਂ ਹਨ ਜੋ ਅੰਗਰੇਜ਼ੀ ਤਾਂ ਸਿੱਖਦੇ ਹਨ ਪਰ ਆਪਣੀ ਘਰੇਲੂ ਭਾਸ਼ਾ ਭੁੱਲ ਜਾਂਦੇ ਹਨ। ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਆਪਣੇ ਬੱਚਿਆਂ ਨਾਲ ਆਪਣੀਆਂ ਘਰੇਲੂ ਭਾਸ਼ਾਵਾਂ ਵਿੱਚ ਗੱਲ ਕਰਨ ਅਤੇ ਜਿੱਥੇ ਸੰਭਵ ਹੋਵੇ ਪੜ੍ਹਨ ਅਤੇ ਲਿਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਪਛਾਣ ਅਤੇ ਆਪਣੇਪਣ ਦੀ ਭਾਵਨਾ

ਆਪਣੇ ਬੱਚੇ ਨੂੰ ਬਹੁਭਾਸ਼ੀ ਬਣਾਕੇ ਉਸਦਾ ਪਾਲਣ-ਪੋਸ਼ਣ ਕਰਨ ਨਾਲ ਉਹ ਆਪਣੇ ਸੱਭਿਆਚਾਰ ਅਤੇ ਵਿਰਾਸਤ ਦੀ ਮਹੱਤਤਾ ਨੂੰ ਸਮਝ ਸਕਦਾ ਹੈ, ਅਤੇ ਆਪਣੀ ਮਜ਼ਬੂਤ ਨਿੱਜੀ ਪਛਾਣ ਵਿਕਸਿਤ ਕਰ ਸਕਦਾ ਹੈ। ਕਿਸੇ ਹੋਰ ਭਾਸ਼ਾ ਨੂੰ ਸਮਝਣਾ, ਤੁਹਾਡੇ ਬੱਚੇ ਨੂੰ ਤੁਹਾਡੀ ਘਰੇਲੂ ਭਾਸ਼ਾ ਅਤੇ ਸੱਭਿਆਚਾਰ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਵਿੱਚ ਮਦਦ ਕਰਦਾ ਹੈ। ਬਹੁਭਾਸ਼ੀ ਹੋਣਾ ਤੁਹਾਡੇ ਸੱਭਿਆਚਾਰ ਨਾਲ ਜੁੜੀਆਂ ਰੀਤਾਂ-ਰਿਵਾਜਾਂ, ਵਿਚਾਰਾਂ ਅਤੇ ਨਜ਼ਰੀਆਂ ਦੀ ਸਮਝ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ।

ਅੰਗਰੇਜ਼ੀ ਸਿੱਖਣਾ

ਜੇਕਰ ਤੁਹਾਡਾ ਬੱਚਾ ਅਜੇ ਵੀ ਅੰਗਰੇਜ਼ੀ ਵਿੱਚ ਬੋਲਣਾ, ਪੜ੍ਹਨਾ ਅਤੇ ਲਿਖਣਾ ਸਿੱਖ ਰਿਹਾ ਹੈ, ਤਾਂ ਉਹ ਅੰਗਰੇਜ਼ੀ ਨੂੰ ਇੱਕ ਵਾਧੂ ਭਾਸ਼ਾ/ਬੋਲੀ (EAL/D) ਵਜੋਂ ਸਿੱਖਣ ਵਾਲਾ ਵਿਦਿਆਰਥੀ ਹੈ। ਤੁਹਾਡੇ ਬੱਚੇ ਨੂੰ ਆਪਣੀ ਅੰਗਰੇਜ਼ੀ ਨੂੰ ਹੋਰ ਬਿਹਤਰ ਕਰਨ ਵਿੱਚ ਮਦਦ ਕਰਨ ਲਈ ਸਕੂਲ ਵਿੱਚ ਵਾਧੂ ਸਹਾਇਤਾ ਦਿੱਤੀ ਜਾ ਸਕਦੀ ਹੈ। ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਉਹ ਸਕੂਲ ਦੇ EAL/D ਅਧਿਆਪਕ ਨਾਲ ਕੰਮ ਕਰਨ, ਜੋ ਅੰਗਰੇਜ਼ੀ ਭਾਸ਼ਾ ਦੇ ਮਾਹਿਰ ਅਧਿਆਪਕ ਹੁੰਦੇ ਹਨ, ਜਾਂ ਲੋੜ ਪੈਣ 'ਤੇ ਤੁਹਾਡੇ ਬੱਚੇ ਦੇ ਮੁੱਖ ਅਧਿਆਪਕ ਵੱਲੋਂ ਕਲਾਸਰੂਮ ਵਿੱਚ ਵਾਧੂ ਮਦਦ ਪ੍ਰਦਾਨ ਕੀਤੀ ਜਾਵੇ।

ਅੰਗਰੇਜ਼ੀ ਸਿੱਖਣ ਵਿੱਚ ਸਮਾਂ ਲੱਗਦਾ ਹੈ, ਅਤੇ ਤੁਹਾਡਾ ਬੱਚਾ ਆਪਣੇ ਹਿਸਾਬ ਨਾਲ ਤਰੱਕੀ ਕਰੇਗਾ। ਤੁਸੀਂ ਆਪਣੇ ਬੱਚੇ ਨਾਲ ਆਪਣੀ ਘਰੇਲੂ ਭਾਸ਼ਾ ਵਿੱਚ ਗੱਲਬਾਤ ਜਾਰੀ ਰੱਖ ਕੇ ਉਸਦੀ ਮਦਦ ਕਰ ਸਕਦੇ ਹੋ। ਮਾਹਿਰਾਂ ਨੇ ਪਾਇਆ ਹੈ ਕਿ ਅੰਗਰੇਜ਼ੀ ਜਾਂ ਕੋਈ ਹੋਰ ਭਾਸ਼ਾ ਸਿੱਖਣ ਵੇਲੇ ਆਪਣੀ ਘਰੇਲੂ ਭਾਸ਼ਾ ਨੂੰ ਕਾਇਮ ਰੱਖਣਾ ਬਹੁਤ ਮਦਦਗਾਰ ਹੁੰਦਾ ਹੈ। ਘਰ

ਪ੍ਰਕਾਸ਼ਿਤ: ਸਤੰਬਰ 2021, ਅੱਪਡੇਟ ਕੀਤਾ ਗਿਆ: ਮਈ 2026

ਵਿੱਚ ਆਪਣੀ ਭਾਸ਼ਾ ਦੀ ਵਰਤੋਂ ਜਾਰੀ ਰੱਖਣ ਨਾਲ ਅੰਗਰੇਜ਼ੀ ਸਿੱਖਣਾ ਆਸਾਨ ਹੋ ਸਕਦਾ ਹੈ ਕਿਉਂਕਿ ਇੱਕ ਭਾਸ਼ਾ ਵਿੱਚ ਸਿੱਖੀਆਂ ਗਈਆਂ ਧਾਰਨਾਵਾਂ ਅਕਸਰ ਦੂਜੀ ਭਾਸ਼ਾ ਵਿੱਚ ਵੀ ਲਾਗੂ ਹੋ ਜਾਂਦੀਆਂ ਹਨ।

ਦੁਭਾਸ਼ੀਆ ਸੇਵਾਵਾਂ ਦੀ ਵਰਤੋਂ ਕਰਨਾ

ਆਪਣੇ ਬੱਚੇ ਦੇ ਸਕੂਲ ਨਾਲ ਗੱਲਬਾਤ ਕਰਨ ਲਈ, ਤੁਹਾਡੇ ਲਈ ਅੰਗਰੇਜ਼ੀ ਬੋਲਣਾ ਲਾਜ਼ਮੀ ਨਹੀਂ ਹੈ। ਜੇਕਰ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ ਅਤੇ ਤੁਸੀਂ ਆਪਣੀ ਭਾਸ਼ਾ ਵਿੱਚ ਗੱਲ ਕਰਨ ਵਿੱਚ ਵੱਧ ਸਹਿਜ ਮਹਿਸੂਸ ਕਰਦੇ ਹੋ, ਤਾਂ ਤੁਸੀਂ ਸਕੂਲ ਤੋਂ ਦੁਭਾਸ਼ੀਏ ਦੀ ਮੰਗ ਕਰ ਸਕਦੇ ਹੋ। ਇਹ ਤੁਹਾਡੇ ਲਈ ਮੁਫ਼ਤ ਹੋਵੇਗਾ। ਸਕੂਲ ਪਰਿਵਾਰਾਂ ਲਈ ਫ਼ੋਨ ਦੁਭਾਸ਼ੀਆ ਸੇਵਾਵਾਂ ਵੀ ਪ੍ਰਦਾਨ ਕਰ ਸਕਦੇ ਹਨ। ਜੇਕਰ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਸਕੂਲ ਨਾਲ ਗੱਲਬਾਤ ਕਰਨ ਲਈ ਮਦਦ ਦੀ ਲੋੜ ਹੈ ਤਾਂ ਤੁਸੀਂ ਇਸ ਸੇਵਾ ਦੀ ਮੰਗ ਕਰ ਸਕਦੇ ਹੋ। ਇਹ ਸੇਵਾ ਹੇਠ ਲਿਖੀਆਂ ਗੱਲਾਂ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ:

- ਸਾਪੇ-ਅਧਿਆਪਕਾਂ ਦੇ ਇੰਟਰਵਿਊ
- ਅੰਗਰੇਜ਼ੀ ਵਿੱਚ ਲਿਖੀ ਸਕੂਲ ਰਿਪੋਰਟ ਨੂੰ ਸਮਝਣ ਲਈ
- ਜੇਕਰ ਤੁਹਾਨੂੰ ਕਿਸੇ ਅਜਿਹੇ ਦਸਤਾਵੇਜ਼ 'ਤੇ ਦਸਤਖ਼ਤ ਕਰਨ ਲਈ ਕਿਹਾ ਜਾ ਰਿਹਾ ਹੋਵੇ ਜਿਸਨੂੰ ਤੁਸੀਂ ਪੜ੍ਹ ਨਹੀਂ ਸਕਦੇ ਹੋ
- ਤੁਹਾਡੇ ਬੱਚੇ ਦੀ ਭਲਾਈ ਨਾਲ ਸੰਬੰਧਿਤ ਕਿਸੇ ਵੀ ਮੀਟਿੰਗ ਲਈ



ਘਰ ਵਿੱਚ ਆਪਣੇ ਬੱਚੇ ਦੀ ਮਦਦ ਕਿਵੇਂ ਕਰੀਏ?

ਆਪਣੀ ਘਰੇਲੂ ਭਾਸ਼ਾ ਵਿੱਚ ਪੜ੍ਹਨਾ ਅਤੇ ਲਿਖਣਾ ਸਿੱਖਣ ਨਾਲ, ਤੁਹਾਡੇ ਬੱਚੇ ਨੂੰ ਅੰਗਰੇਜ਼ੀ ਵਿੱਚ ਪੜ੍ਹਨਾ ਅਤੇ ਲਿਖਣਾ ਸਿੱਖਣ ਵਿੱਚ ਵੀ ਮਦਦ ਮਿਲੇਗੀ। ਬੱਚੇ ਆਪਣੀ ਘਰੇਲੂ ਭਾਸ਼ਾ ਵਿੱਚ ਵਿਕਸਿਤ ਕੀਤੇ ਹੁਨਰਾਂ ਦੀ ਵਰਤੋਂ ਅੰਗਰੇਜ਼ੀ ਵਿੱਚ ਨਵੀਆਂ ਧਾਰਨਾਵਾਂ ਸਿੱਖਣ ਅਤੇ ਸਮਝਣ ਲਈ ਕਰਦੇ ਹਨ।

ਅਜ਼ਮਾਉਣ ਲਈ ਕੁੱਝ ਸੁਝਾਅ:

- ਆਪਣੇ ਬੱਚੇ ਨਾਲ ਹਰ ਰੋਜ਼ ਆਪਣੀ ਘਰੇਲੂ ਭਾਸ਼ਾ ਦੀ ਵਰਤੋਂ ਕਰੋ। ਇਸ ਨਾਲ ਤੁਹਾਡੀ ਘਰੇਲੂ ਭਾਸ਼ਾ ਕਾਇਮ ਰਹਿੰਦੀ ਹੈ, ਅਤੇ ਤੁਹਾਡੇ ਅਤੇ ਤੁਹਾਡੇ ਬੱਚੇ ਵਿਚਕਾਰ ਰਿਸ਼ਤਾ ਵੀ ਮਜ਼ਬੂਤ ਬਣਿਆ ਰਹਿੰਦਾ ਹੈ।
- ਆਪਣੇ ਬੱਚੇ ਨਾਲ ਆਪਣੀ ਘਰੇਲੂ ਭਾਸ਼ਾ ਵਿੱਚ ਕਿਤਾਬਾਂ ਪੜ੍ਹੋ, ਅਤੇ ਟੀਵੀ ਪ੍ਰੋਗਰਾਮ ਦੇਖੋ। ਇਹ ਲਾਜ਼ਮੀ ਨਹੀਂ ਕਿ ਇਹ ਸਿੱਖਿਆ ਨਾਲ ਸੰਬੰਧਿਤ ਹੀ ਹੋਣ; ਮਨੋਰੰਜਨ ਲਈ ਇਹ ਗਤੀਵਿਧੀਆਂ ਕਰਨਾ ਵੀ ਮਹੱਤਵਪੂਰਨ ਹੈ।
- ਆਪਣੇ ਬਚਪਨ ਦੇ ਗੀਤ ਅਤੇ ਕਹਾਣੀਆਂ ਆਪਣੇ ਬੱਚਿਆਂ ਨਾਲ ਸਾਂਝੀਆਂ ਕਰੋ। ਪਰਿਵਾਰਾਂ ਕੋਲ ਅੱਗੇ ਪਹੁੰਚਾਉਣ ਲਈ ਅਮੀਰ ਸੱਭਿਆਚਾਰਕ ਵਿਰਾਸਤ ਹੁੰਦੀ ਹੈ, ਅਤੇ ਬੱਚਿਆਂ ਨੂੰ ਆਪਣੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਦੇ ਬਚਪਨ ਬਾਰੇ ਸੁਣਨਾ ਚੰਗਾ ਲੱਗਦਾ ਹੈ।
- ਆਪਣੀ ਸਥਾਨਕ ਲਾਇਬ੍ਰੇਰੀ ਵਿੱਚ ਜਾਓ। ACT ਦੀਆਂ ਲਾਇਬ੍ਰੇਰੀਆਂ ਵਿੱਚ ਉਧਾਰ ਲੈਣ ਲਈ ਕਈ ਭਾਸ਼ਾਵਾਂ ਵਿੱਚ ਕਿਤਾਬਾਂ ਉਪਲਬਧ ਹਨ, ਅਤੇ ਛੋਟੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਦੋਭਾਸ਼ੀ ਕਹਾਣੀ-ਸੁਣਾਉਣ ਦੇ ਪ੍ਰੋਗਰਾਮ ਵੀ ਕਰਵਾਏ ਜਾਂਦੇ ਹਨ।
- ਅੰਗਰੇਜ਼ੀ ਅਤੇ ਆਪਣੀ ਘਰੇਲੂ ਭਾਸ਼ਾ ਵਿੱਚ ਆਡੀਓ ਕਿਤਾਬਾਂ ਸੁਣੋ।
- ਆਪਣੇ ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਸਾਂਝਾ ਕਰੋ। ਅਧਿਆਪਕ ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਸਾਂਝਾ ਕਰਨ ਵਿੱਚ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਦੀ ਭੂਮਿਕਾ ਨੂੰ ਮਹੱਤਵ ਦਿੰਦੇ ਹਨ, ਅਤੇ ਕਲਾਸਰੂਮ ਵਿੱਚ ਉਨ੍ਹਾਂ ਦਾ ਸਵਾਗਤ ਕਰਦੇ ਹਨ। ਤੁਸੀਂ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰਕੇ ਕਲਾਸ ਨਾਲ ਕੋਈ

ਪ੍ਰਕਾਸ਼ਿਤ: ਸਤੰਬਰ 2021, ਅੱਪਡੇਟ ਕੀਤਾ ਗਿਆ: ਮਈ 2026

ਕਿਤਾਬ ਜਾਂ ਕਹਾਣੀ ਸਾਂਝੀ ਕਰਨ ਦਾ ਪ੍ਰਬੰਧ ਕਰ ਸਕਦੇ ਹੋ।

- ਆਪਣੇ ਭਾਈਚਾਰੇ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਲੱਭੋ। ACT ਵਿੱਚ ਸਾਲ ਭਰ ਕਈ ਸੱਭਿਆਚਾਰਕ ਸਮਾਗਮ ਅਤੇ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਹੋਰ ਪਰਿਵਾਰਾਂ ਨਾਲ ਮਿਲੋ, ਜੋ ਤੁਹਾਡੀ ਘਰੇਲੂ ਭਾਸ਼ਾ ਬੋਲਦੇ ਹਨ ਜਾਂ ਹੋਰ ਪਰਿਵਾਰਾਂ ਨਾਲ ਮਿਲ ਕੇ ਆਪਣਾ ਸਮਾਗਮ ਸ਼ੁਰੂ ਕਰੋ।
- ਜਿਵੇਂ-ਜਿਵੇਂ ਤੁਹਾਡੇ ਬੱਚੇ ਵੱਡੇ ਹੁੰਦੇ ਹਨ, ਆਪਣੀ ਘਰੇਲੂ ਭਾਸ਼ਾ ਦੀ ਵਰਤੋਂ ਕਰਨਾ ਜਾਰੀ ਰੱਖੋ। ਕਈ ਵਾਰ ਬੱਚੇ ਵੱਡੇ ਹੋਣ ਨਾਲ, ਅੰਗਰੇਜ਼ੀ ਬੋਲਣ ਨੂੰ ਤਰਜੀਹ ਦੇਣ ਲੱਗਦੇ ਹਨ। ਆਪਣੇ ਬੱਚਿਆਂ ਨਾਲ ਦੋ (ਜਾਂ ਇਸ ਤੋਂ ਵੱਧ) ਭਾਸ਼ਾਵਾਂ ਜਾਣਨ ਦੇ ਫਾਇਦਿਆਂ ਬਾਰੇ ਗੱਲ ਕਰੋ। ਆਪਣੀ ਘਰੇਲੂ ਭਾਸ਼ਾ ਵਿੱਚ ਗੱਲਬਾਤ ਕਰਨੀ ਜਾਰੀ ਰੱਖੋ ਅਤੇ ਇਸਦੀ ਵਰਤੋਂ ਕਰਨ ਲਈ ਵਚਨਬੱਧ ਰਹੋ, ਕਿਉਂਕਿ ਤੁਹਾਡੇ ਪਰਿਵਾਰ ਦੀ ਭਾਸ਼ਾ ਅਤੇ ਸੱਭਿਆਚਾਰ ਮਾਣ ਕਰਨ ਯੋਗ ਹਨ।

ਹਵਾਲੇ

ਹਰਟਜ਼ਬਰਗ, ਐਮ. ਐਲ., ਅਤੇ ਵਾਲਡੇਜ਼, ਸੀ. (2026)। ਮੁੱਖ ਕਲਾਸਾਂ ਵਿੱਚ EAL/D ਵਿਦਿਆਰਥੀਆਂ ਨੂੰ ਪੜ੍ਹਾਉਣਾ (ਦੂਜਾ ਐਡੀਸ਼ਨ)। ਪ੍ਰਾਇਮਰੀ ਇੰਗਲਿਸ਼ ਟੀਚਿੰਗ ਐਸੋਸੀਏਸ਼ਨ ਆਸਟ੍ਰੇਲੀਆ (PETAA)।

ਪ੍ਰਕਾਸ਼ਿਤ: ਸਤੰਬਰ 2021, ਅੱਪਡੇਟ ਕੀਤਾ ਗਿਆ: ਮਈ 2026